# 7

# ਯਿਸੂ ਦੀਆਂ ਪੇਸ਼ੀਆਂ

## ਮੱਤੀ 26:57-27:31; ਮਰਕੁਸ 14:53-15:20; ਲੂਕਾ 22:54-23:25; ਯੂਹੰਨਾ 18:12-19:16

*''ਬਹੁਤਿਆਂ ਨੇ ਉਹ ਦੇ ਵਿਰੁੱਧ ਝੂਠੀ ਗਵਾਹੀ ਤਾਂ ਦਿੱਤੀ ਪਰ ਉਨ੍ਹਾਂ ਦੀ ਗਵਾਹੀ ਇੱਕੋ ਜਹੀ ਨਾ ਸੀ'' (ਮਰਕੁਸ 14:56)।*

ਮਸੀਹ ਦਾ ਸਲੀਬ ਚੜ੍ਹਾਇਆ ਜਾਣਾ ਐਨਾ ਹੌਲਨਾਕ ਹੈ ਕਿ ਇਸ ਤਕ ਲਿਜਾਣ ਵਾਲੀਆਂ ਹੋਰਨਾਂ ਘਟਨਾਂਵਾਂ ਨੂੰ ਤਾਂ ਅਸੀਂ ਅਣਗੌਲਿਆਂ ਕਰਨਾ ਜਾਂ ਭੁੱਲ ਜਾਣਾ ਚਾਹੁੰਦੇ ਹਾਂ। ਸ਼ੁਰੂ ਤੋਂ ਅਖ਼ੀਰ ਤਕ ਮਸੀਹ ਦੀਆਂ ਪੇਸ਼ੀਆਂ ਗ਼ੈਰ ਕਾਨੂੰਨੀ ਸਨ। ਯਿਸੂ ਨਾਲ ਐਨੇ ਬੇਹੂਦਾ ਤਰੀਕੇ ਨਾਲ ਸਲੂਕ ਕੀਤਾ ਗਿਆ ਸੀ ਕਿ ਇਕ ਵਾਰ ਤਾਂ ਸ਼ੈਤਾਨ ਨੂੰ ਵੀ ਸ਼ਰਮ ਆ ਗਈ ਹੋਵੇਗੀ! ਪਾਪ ਨੂੰ ਸ਼ੈਤਾਨ ਵੀ ਆਪਣੇ ਵੱਸ ਵਿਚ ਨਾ ਰੱਖ ਸਕਿਆ।

ਉਹਦੀਆਂ ਪੇਸ਼ੀਆਂ ਦਾ ਇਹ ਸਮਾ ਇਤਿਹਾਸ ਵਿਚ ਸਭ ਤੋਂ ਘਟੀਆ ਮੰਨਿਆ ਜਾਣਾ ਸੀ। ਯਹੂਦਾ ਨੇ ਫੜਵਾਇਆ, ਪਤਰਸ ਨੇ ਇਨਕਾਰ ਕੀਤਾ, ਦਸ ਰਸੂਲ ਛੱਡ ਕੇ ਨੱਸ ਗਏ, ਚਾਰ ਕਠਪੁਤਲੀ ਹਾਕਮਾਂ ਅੰਨਾਸ, ਕਾਇਫ਼ਾ, ਪਿਲਾਤੁਸ ਅਤੇ ਹੇਰੋਦੇਸ ਨੇ ''ਜੱਜ'' ਦਾ ਹੀ ਨਿਆਂ ਕੀਤਾ ਅਤੇ ਬੇਹੱਦ ਸਨਮਾਨਿਤ ਮਹਾਂ ਸਭਾ ਭੀੜ ਦੇ ਨਾਲ ਹੀ ਰਲ ਗਈ। ਅਤਿ ਪਵਿੱਤਰ ਸ਼ਹਿਰ (ਯਰੂਸ਼ਲਮ) ਅਤੇ ਕਾਨੂੰਨ ਦਾ ਪਹਿਰੇਦਾਰ ਸ਼ਹਿਰ (ਰੋਮ) ਇਤਹਾਸ ਦਾ ਸਭ ਤੋਂ ਵੱਡਾ ਕਾਨੂੰਨੀ ਨਾਟਕ ਕਰਨ ਲਈ ਇਕ ਹੋ ਗਏ।

ਕੰਟਰੋਲ ਸਿਰਫ਼ ਯਿਸੂ ਦੇ ਹੱਥ ਵਿਚ ਸੀ (ਯੂਹੰਨਾ 10:17, 18; 19:10, 11)। ਉਹਨੇ ਜਾਣ ਬੁੱਝ ਕੇ ਯਰੂਸ਼ਲਮ ਜਾਣ ਦਾ ਫ਼ੈਸਲਾ ਕੀਤਾ (ਲੂਕਾ 9:51) ਉਹਦੀ ''ਘੜੀ'' ਆ ਪਹੁੰਚੀ ਸੀ (ਯੂਹੰਨਾ 17) ਉਹਨੇ ਆਪਣੇ ਦੁਸ਼ਮਣਾਂ ਨੂੰ ਭੜਕਾ ਕੇ ਆਪਣੇ ਫੜਵਾਏ ਜਾਣ ਦਾ ਮੌਕਾ ਦੇ ਦਿੱਤਾ ਅਤੇ ਉਨ੍ਹਾਂ ਨੂੰ ਕੰਮ ਕਰਨ ਲਈ ਮਜਬੂਰ ਕਰ ਕੀਤਾ। ਭਲਾ ਅਸੀਂ ਇਹ ਵੇਖ ਸਕਦੇ ਹਾਂ?

ਅੱਜ ਮਸੀਹ ਨੂੰ ਪਿਆਰਾ, ਰਹਿਮ ਦਿਲ ਅਤੇ ਨਾਜ਼ੁਕ ਯਿਸੂ ਬਣਾ ਦਿੱਤਾ ਗਿਆ ਹੈ। ਨਹੀਂ, ਉਹ ਤਾਂ ''ਮਰਦਾਂ 'ਚੋਂ ਮਰਦ'' ਸੀ, ਨਾ ਕਿ ਵਡਿਆਈ ਪਾਇਆ ਹੋਇਆ ਕਮਜ਼ੋਰ ਆਦਮੀ। ਉਹਨੇ ਸ਼ੈਤਾਨ ਨੂੰ, ਯਹੂਦੀ ਧਰਮ ਨੂੰ ਅਤੇ ਪੂਰੀ ਦੁਨੀਆਂ ਨੂੰ ਆਪਣੇ ਹੱਥ ਵਿਚ ਲੈ ਲਿਆ ਹੈ ਅਤੇ ਉਨ੍ਹਾਂ ਤੇ ਫ਼ਤਹਿ ਪਾਈ ਹੈ। ਉਹ ਕਦੇ ਵੀ ਕਿਸੇ ਤੋਂ ਪਿੱਛੇ ਨਹੀਂ ਹਟਿਆ!

*ਯਹੂਦੀ ਮਤ* (ਯਰੂਸ਼ਲਮ) ਨੈਤਿਕ ਅਤੇ ਰੂਹਾਨੀ ਤੌਰ ਤੇ ਦੀਵਾਲੀਆ ਸੀ। ਇਨਸਾਨ ਨੂੰ

ਉਹਦੀ ਬਦਤਰ ਹਾਲਤ ਵਿਚ ਵੇਖਣ ਵਾਂਗ ਹੀ ਅਸੀਂ ਖ਼ੁਦਾ ਨੂੰ ਉਹਦੀ ਕਾਮਲ (ਸਿੱਧ) ਹਾਲਤ ਵਿਚ ਵੇਖ ਸਕਦੇ ਹਾਂ। ਫ਼ਜ਼ਲ ਦੀ ਇਹੀ ਵਡਿਆਈ ਹੈ। ਯਿਸੂ ਕਿਸੇ ਸ਼ਹਿਰ ਜਾਂ ਕਿਸੇ ਕੋਠਰੀ ਵਿਚ ਨਹੀਂ ਲੁਕਿਆ। ਉਹਨੇ ਸਭ ਦੇ ਸਾਹਮਣੇ ਹੈਕਲ ਨੂੰ ਸ਼ੁੱਧ ਕੀਤਾ (ਮੱਤੀ 21:12, 13; ਮਰਕੁਸ 11:15-17; ਲੂਕਾ 19:45, 46)। ਯਹੂਦੀ ਲੋਕ ਇੰਨੇ ਭ੍ਰਸ਼ਟ ਹੋ ਗਏ ਸਨ ਕਿ ਉਨ੍ਹਾਂ ਨੇ ਹੈਕਲ ਨੂੰ ਪਸ਼ੂਆਂ ਦੀ ਮੰਡੀ ਬਣਾ ਦਿੱਤਾ ਸੀ। ਯਿਸੂ ਨੇ ਇਸੇ ਗੱਲ ਨੂੰ ਰੋਕਿਆ। ਕਿੰਨਾ ਹੌਸਲਾ ਹੈ! ਕਿੰਨੀ ਜ਼ਬਰਦਸਤ ਸ਼ਕਤੀ ਹੈ। ਯਰੂਸ਼ਲਮ ਸ਼ਹਿਰ ਦੇ ਅੰਦਰ ਹੀ ਉਹਨੇ ''ਨਿਆਂ ਦੇ ਦ੍ਰਿਸ਼ਟਾਂਤ'' ਦਿੱਤੇ। ਯਿਸੂ ਨਾਲ ਉਦਾਸੀਨਤਾ ਨਹੀਂ ਚੱਲੇਗੀ, ਭਾਵ ਜਾਂ ਤਾਂ ਉਹਨੂੰ ਮੰਨ ਲਓ ਜਾਂ ਤਾਂ ਫਿਰ ਸਲੀਬ ਤੇ ਚੜ੍ਹਾ ਦਿਓ । ਉਹਦੇ ਦੁਸ਼ਮਣਾਂ ਨੇ ਇਹ ਨਹੀਂ ਕਿਹਾ ਸੀ ਕਿ ''ਇਹਨੂੰ ਝਿੜਕੋ।'' ਉਨ੍ਹਾਂ ਕਿਹਾ ਕਿ ''ਇਹਨੂੰ ਮਾਰ ਹੀ ਦਿਓ!''

*ਧਾਰਮਿਕ ਆਗੂ* ਯਿਸੂ ਦੀ ''ਹਾਜ਼ਰ ਜਵਾਬੀ ਤੋਂ ਭੈਭੀਤ ਸਨ।'' ਉਹ ਉਹਦੇ ਮੋਅਜਜ਼ਿਆਂ ਦਾ ਇਨਕਾਰ ਨਹੀਂ ਕਰ ਸਕਦੇ ਸਨ। ਯਰੂਸ਼ਲਮ ਯਿਸੂ ਦੀ ਸੱਚਾਈ ਦਾ ਮੁਖ਼ਾਲਫ਼ ਅਤੇ ਉਹਨੂੰ ਨਾ ਪਸੰਦ ਕਰਨ ਵਾਲਾ ਸ਼ਹਿਰ ਸੀ। ਧਾਰਮਿਕ ਆਗੂਆਂ ਦਾ ਨਾ ਉਹਦੇ 'ਤੇ ਅਤੇ ਨਾ ਉਹਦੀ ਸੇਵਕਾਈ 'ਤੇ ਕੋਈ ਵੱਸ ਸੀ।

ਪਸਾਹ ਦੌਰਾਨ ਕੋਈ ਫ਼ਸਾਦ ਨਹੀਂ ਚਾਹੁੰਦਾ ਸੀ। ਯਹੂਦੀ ਆਗੂਆਂ ਨੇ ਯਿਸੂ ਨੂੰ ਤਿਉਹਾਰ/ਪਰਬ ਦੌਰਾਨ ਮਾਰਨਾ ਚਾਹਿਆ ਹੁੰਦਾ, ਤਾਂ ਉਨ੍ਹਾਂ ਨੇ ਯੋਜਨਾਵਾਂ ਬਣਾਈਆਂ ਹੋਣੀਆਂ ਸੀ ਅਤੇ ਉਨ੍ਹਾਂ ਨੂੰ ਪੂਰਾ ਕਰਨ ਲਈ ਵੀਰਵਾਰ ਰਾਤ ਤਕ ਉਡੀਕ ਨਹੀਂ ਕਰਨੀ ਸੀ। ਤਸਵੀਰ ਵਿਚ ਯਹੂਦਾ ਇੱਥੇ ਹੀ ਆਇਆ। ਯਿਸੂ ਨਾਲ ਰਹਿਣ ਅਤੇ ਉਹਦੀਆਂ ਸਿੱਖਿਆਵਾਂ ਸੁਣਨ ਕਰਕੇ ਉਹਨੂੰ ਪਤਾ ਸੀ ਕਿ ਯਿਸੂ ਨੇ ਆਪਣੀ ਮੌਤ ਦਾ ਐਲਾਨ ਕੀਤਾ ਹੋਇਆ ਹੈ। ਯਹੂਦਾ ਨੂੰ ਲੱਗਾ ਕਿ ਇਹਦਾ ਫ਼ਾਇਦਾ ਚੁੱਕਣਾ ਚਾਹੀਦਾ ਹੈ।

ਇਕ ਅਰਥ ਵਿਚ ਨਜ਼ਦੀਕ ਆ ਰਹੀ ਆਪਣੀ ਮੌਤ ਦਾ ਐਲਾਨ ਉਹਦੇ ਦੁਸ਼ਮਣਾਂ ਲਈ ਚੰਗੀ ਖ਼ਬਰ ਸੀ, ਪਰ ਪਸਾਹ ਦੇ ਦੌਰਾਨ ਪੈਦਾ ਹੋਈ ਅਨਿਸ਼ਚਿਤਤਾ ਨਾਲ ਉਹ ਘਬਰਾ ਗਏ। ਉਨ੍ਹਾਂ ਨੂੰ ਵਡੇਰਿਆਂ ਅਤੇ ਹੋਰਨਾਂ ਦਾ ਜੋ ਉਹਦੇ ਚੇਲੇ ਸਨ, ਕੋਈ ਡਰ ਨਹੀਂ ਸੀ। ਪਰ ਉਨ੍ਹਾਂ ਨੇ ਯਿਸੂ ਦੀ ਤਾਕਤ ਨੂੰ ਘੱਟ ਨਹੀਂ ਸਮਝਿਆ ਸੀ। ਫ਼ਰੀਸੀਆਂ ਨੇ ਕਿਹਾ, ''ਤੁਸੀਂ ਵੇਖਦੇ ਹੋ ਜੋ ਤੁਹਾਥੋਂ ਕੁਝ ਨਹੀਂ ਬਣ ਆਉਂਦਾ। ਵੇਖੋ ਜਗਤ ਉਹ ਦੇ ਪਿੱਛੇ ਲੱਗ ਤੁਰਿਆ'' ਹੈ (ਯੂਹੰਨਾ 12:19)। ਬੇਵਿਸ਼ਵਾਸੇ ਯਹੂਦੀਆਂ ਦੀ ਨਜ਼ਰ 'ਚ ਲਾਜ਼ਰ ਦਾ ਜੀ ਉੱਠਣਾ ਮਸੀਹ ਦੀ ਮੌਤ ਦਾ ਕਾਰਣ ਬਣਿਆ (ਯੂਹੰਨਾ 11)। ਉਨ੍ਹਾਂ ਨੂੰ ਡਰ ਸੀ ਕਿ ਕਿਤੇ ਉਹ ਦੁਨੀਆਂ ਨੂੰ ਆਪਣੇ ਮਗਰ ਹੀ ਨਾ ਲਾ ਲਵੇ।

ਯਿਸੂ ਵੱਲੋਂ ਦਿੱਤੀ ਗਈ ਸੱਚਾਈ ਅਤੇ ਉਹਦੇ ਕੀਤੇ ਗਏ ਮੋਅਜਜ਼ਿਆਂ ਨਾਲ ਪਾਪੀਆਂ ਨੂੰ ਭੈਭੀਤ ਹੋ ਜਾਣਾ ਚਾਹੀਦਾ ਸੀ। ਖ਼ੁਦਾ ਨੇ ਯਰੂਸ਼ਲਮ ਦੇ ਲੋਕਾਂ ਨੂੰ ਤੌਬਾ ਕਰਨ ਦਾ ਮੌਕਾ ਦਿੱਤਾ, ਪਰ ਉਨ੍ਹਾਂ ਨੇ ਸਬੂਤ ਮੰਨਣ ਤੋਂ ਇਨਕਾਰ ਕਰ ਦਿੱਤਾ। ਯਿਸੂ ਦੇ ਕਾਰਣ ਧਾਰਮਿਕ ਆਗੂਆਂ ਦੇ ਰੁਤਬੇ ਹੀ ਨਹੀਂ ਖੁੱਸ ਰਹੇ ਸਨ, ਉਨ੍ਹਾਂ ਦੀ ਆਮਦਨੀ ਦਾ ਜ਼ਰ੍ਹੀਆ ਵੀ ਜਾ ਰਿਹਾ ਸੀ (ਯੂਹੰਨਾ 11:47, 48)। ਹੈਰਾਨੀ ਦੀ ਗੱਲ ਨਹੀਂ ਹੈ ਕਿ ਕਾਇਫ਼ਾ ਨੇ ਐਲਾਨ ਕੀਤਾ ਸੀ ਕਿ ਯਿਸੂ ਦਾ ਮਰਨਾ ਜਰੂਰੀ ਹੈ (ਯੂਹੰਨਾ 11:49, 50)! ਤੁਸੀਂ ਆਖ ਸਕਦੇ ਹੋ ਕਿ ''ਯਹੂਦੀ ਤਾਂ ਆਉਣ ਵਾਲੇ ਮਸੀਹ ਦਾ ਰਾਹ ਤੱਕ ਰਹੇ ਸਨ।'' ਹਾਂ ਵੀ ਅਤੇ ਨਹੀਂ ਵੀ। ਉਹ ਇਹਦੀਆਂ ਗੱਲਾਂ ਕਰਦੇ, ਇਸ ਤੋਂ ਫ਼ਾਇਦਾ ਲੈਂਦੇ ਸਨ ... ਪਰ ਧਾਰਮਿਕ ਆਗੂਆਂ ਵੱਲੋਂ

ਚਾਹਿਆ ਜਾਣਾ ਸਭ ਤੋਂ ਅਖ਼ੀਰ ਗੱਲ ਸੀ ਉਹ ਮਸੀਹ ਸੀ, ਜਿਸ ਨੂੰ ਖ਼ੁਦਾ ਨੇ ਭੇਜਿਆ ਸੀ ਉਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਦਾ ''ਕਾਰੋਬਾਰ ਬੰਦ'' ਕਰਵਾ ਦੇਵੇਗਾ। ਘਮੰਡ ਅਤੇ ਤਾਕਤ ਮਿਲ ਕੇ ਨਫ਼ਰਤ ਯੋਗ ਕੰਮ ਕਰਦੀਆਂ ਹਨ। ਘਮੰਡੀ ਲੋਕ ਤਾਕਤ ਨੂੰ ਛੱਡ ਨਹੀਂ ਸਕਦੇ। ਉਹ ਸੱਚਾਈ ਨੂੰ ਨਕਾਰ ਸਕਦੇ ਸੱਚਾਈ ਨਾਲ ਲੜ ਸਕਦੇ ਹਨ ਅਤੇ ਸੱਚਾਈ ਨੂੰ ਮਿਟਾਉਣ ਦੀ ਕੋਸ਼ਿਸ ਕਰ ਸਕਦੇ ਹਨ। ਆਪੇ ਤੋਂ ਬਾਹਰ ਹੋਏ ਯਹੂਦੀਆਂ ਨੇ ਯਿਸੂ ਤੇ ''ਮੁਲਜ਼ਮ'' ਹੋਣ ਦੀ ਮੋਹਰ ਲਾ ਦਿੱਤੀ । ਜਦ ਕਿ ਪਿਲਾਤੁਸ ਨੇ ਉਹਨੂੰ ''ਮੁਲਜ਼ਮ ਨਹੀਂ'' ਐਲਾਨਿਆ (ਯੂਹੰਨਾ 18:38)।

ਯਿਸੂ ਦੀਆਂ ਪੇਸ਼ੀਆਂ ਵਿਚ ਬਿਲਕੁਲ ਸਾਫ਼ ਨਜ਼ਰ ਆਉਣ ਵਾਲੀਆਂ ਬੇਨਤੀਆਂ ਹੇਠ ਲਿਖੀਆਂ ਹਨ:

- ਮੁਲਜ਼ਮ ਜਾਂ ਬੇਕਸੂਰ ਠਹਿਰਾਉਣ ਦਾ ਕੋਈ ਵੀ ਫ਼ੈਸਲਾ ਮੁਕੱਦਮਾ ਸ਼ੁਰੂ ਕਰਨ ਤੋਂ ਪਹਿਲਾਂ ਨਹੀਂ ਲਿਆ ਜਾ ਸਕਦਾ ਸੀ।
- ਜੁਰਮ ਕਰਦੇ ਫੜ੍ਹੇ ਜਾਣ ਤੋਂ ਛੁੱਟ ਅਧਿਕਾਰੀਆਂ ਨੂੰ ਕਿਸੇ ਨੂੰ ਰਾਤ ਨੂੰ ਗ੍ਰਿਫ਼ਤਾਰ ਕਰਨ ਦਾ ਅਖ਼ਤਿਆਰ ਨਹੀਂ ਸੀ। ਗ੍ਰਿਫ਼ਤਾਰੀ ਵਿਚ ਜੱਜਾਂ ਦਾ ਕੋਈ ਕੰਮ ਨਹੀਂ ਹੁੰਦਾ ਸੀ।
- ਮੌਤ ਦੀ ਸਜ਼ਾ ਨਾਲ ਜੁੜੇ ਮੁਕੱਦਮਿਆਂ ਦੀ ਸੁਣਵਾਈ ਰਾਤ ਨੂੰ ਨਹੀਂ ਹੋ ਸਕਦੀ ਸੀ।
- ਮੁਜ਼ਰਮ ਨੂੰ ਇੱਕੋ ਦਿਨ ਵਿਚ ਛੱਡਿਆ ਨਹੀਂ ਜਾ ਸਕਦਾ ਸੀ; ਮੁਜਰਮ ਐਲਾਨਣ ਲਈ ਵਿਚਾਰ ਲਈ ਇਕ ਰਾਤ ਜ਼ਰੂਰੀ ਹੁੰਦੀ ਸੀ।
- ਯਹੂਦੀ ਸ਼ਰ੍ਹਾ ਮੁਤਾਬਕ ਸਲੀਬ 'ਤੇ ਚਾੜ੍ਹਨ ਦਾ ਕੋਈ ਕਾਨੂੰਨ ਨਹੀਂ ਸੀ।
- ਜੱਜਾਂ ਦੀ ਇਲਜ਼ਾਮ ਲਾਉਣ ਵਾਲਿਆਂ ਦੇ ਨਾਲ-ਨਾਲ ਬਚਾਅ ਕਰਨ ਵਾਲੇ ਹੋਣਾ ਵੀ ਜ਼ਰੂਰੀ ਸੀ।
- ਇਬਰਾਨੀ ਸ਼ਰ੍ਹਾ ਮੁਤਾਬਕ ਕੁਫ਼ਰ ਨੂੰ ਸਬੂਤ ਨਹੀਂ ਮੰਨਿਆ ਜਾਂਦਾ ਸੀ।
- ਬਿਓਰੇਵਾਰ ਤਫ਼ਸੀਲ ਨੂੰ ਵਿਸ਼ਵਾਸਯੋਗ ਨਹੀਂ ਮੰਨਿਆ ਜਾਂਦਾ ਸੀ; ਇਬਰਾਨੀ ਸ਼ਰ੍ਹਾ ਦੋ ਜਾਂ ਤਿੰਨ ਗਵਾਹਾਂ ਤੇ ਅਧਾਰਿਤ ਸੀ।
- ਮਹਾਂ ਸਭਾ ਦੇ ਸਭ ਤੋਂ ਛੋਟੇ ਮੈਂਬਰ ਪਹਿਲਾਂ ਵੋਟ ਪਾਉਂਦੇ ਸਨ।
- ਮਹਾਂ ਸਭਾ ਦੇ ਮੈਂਬਰ ਦਾ ਕੰਮ ਮੁਲਜ਼ਮ ਦਾ ਬਚਾਅ ਕਰਨਾ ਹੁੰਦਾ ਸੀ।
- ਪਰਬ ਦੇ ਦਿਨਾਂ ਅਤੇ ਸੱਬਤ ਤੋਂ ਪਹਿਲੀ ਸ਼ਾਮ ਅਦਾਲਤ ਦੀ ਸੁਣਵਾਈ ਕਰਨ ਦੀ ਮਨਾਹੀ ਸੀ।
- ਮੁਲਜ਼ਮ ਆਪਣੇ ਖ਼ਿਲਾਫ਼ ਗਵਾਹੀ ਨਹੀਂ ਦੇ ਸਕਦਾ ਸੀ।
- ਮਹਾਂ ਯਾਜਕ ਆਪਣੇ ਕੱਪੜੇ ਨਹੀਂ ਪਾੜ ਸਕਦਾ ਸੀ।

ਜੋ ਸਭ ਤੋਂ ਖ਼ਰਾਬ ਸਨ ਉਹ ਆਪਣੇ ਆਪ ਨੂੰ ਚੰਗੇ ਮੰਨਦੇ ਸਨ। ਇਹ ਸੋਚਣਾ ਵੀ ਕਿੰਨਾ ਭਿਆਨਕ ਹੈ ਕਿ ਲੋਕ ਪਾਪ ਵਿਚ ਐਨਾ ਡੁੱਬ ਸਕਦੇ ਹਨ!

# ਯਹੂਦੀ ਪੇਸ਼ੀਆਂ

ਯਿਸੂ ਦੀ ਗ੍ਰਿਫ਼ਤਾਰੀ ਐਨੀ ਨਮੋਸ਼ੀ ਵਾਲੀ ਨਾ ਹੁੰਦੀ ਤਾਂ ਮਖੌਲ ਭਰੀ ਜ਼ਰੂਰ ਹੋਣੀ ਸੀ। ਯਿਸੂ ਦੇ ਦੁਸ਼ਮਣਾਂ ਨੂੰ ਉਹਦੀ ਸ਼ਕਤੀ ਤੇ ਉਹਦੇ ਰਸੂਲਾਂ ਨਾਲੋਂ ਬਹੁਤਾ ਯਕੀਨ ਸੀ। ਉਨ੍ਹਾਂ ਨੇ ਇਕ ਬੰਦੇ ਨੂੰ ਗ੍ਰਿਫ਼ਤਾਰ ਕਰਨ ਲਈ ਬਹੁਤ ਵੱਡੀ ਭੀੜ (ਛੇ ਸੌ ਜਾਂ ਇਸ ਤੋਂ ਵੱਧ ਲੋਕ) ਭੇਜੀ! ਸਾਫ਼ ਤੌਰ ਤੇ ਯਿਸੂ ਨੂੰ ਆਪਣੇ ਆਪ ਨੂੰ ਫੜਾਉਣ ਲਈ ਉਨ੍ਹਾਂ ਦੀ ਮਦਦ ਕਰਨੀ ਪਈ।

ਸਰਬਉੱਚ ਜੱਜਾਂ ਦੇ ਸਾਹਮਣੇ ਯਿਸੂ ਟੇਬਲ-ਟੈਨਿਸ ਦੀ ਗੇਂਦ ਵਾਂਗ ਕਦੇ ਇੱਧਰ ਅਤੇ ਕਦੇ ਓਧਰ ਉਛਾਲਿਆ ਜਾਂਦਾ ਰਿਹਾ। ਪਹਿਲਾਂ ਉਹਨੂੰ ਮਹਾਂ ਯਾਜਕ ਕੋਲ ਲਿਜਾਇਆ ਗਿਆ। ਇਹ ਮਹਾਂ ਯਾਜਕ ਪੂਰੀ ਉਮਰ ਲਈ ਨਾਮਜ਼ਦ ਕੀਤਾ ਗਿਆ ਸੀ, ਪਰ ਉਹਦੀ ਬੁਰਿਆਈ ਨੇ ਉਹਨੂੰ ਕੱਢ ਦਿੱਤਾ ਸੀ। ਹੁਣ ਉਹਦੇ ਕੋਲ ਰੁਤਬਾ ਨਾ ਹੋਣ ਦੇ ਬਾਵਜੂਦ ਵੀ ਉਹਦਾ ਰਸੂਖ ਸੀ।

ਅੰਨਾਸ ਨੇ ਉਹਨੂੰ ਕਾਇਫ਼ਾ ਕੋਲ ਭੇਜ ਦਿੱਤਾ। ਇਸ ਤੋਂ ਪਤਾ ਲਗਦਾ ਹੈ ਕਿ ਯਿਸੂ ਤੇ ਮੁਕੱਦਮਾ ਧਾਰਮਿਕ ਕਾਰਣਾਂ ਕਰਕੇ ਨਹੀਂ, ਸਗੋਂ ਸਿਆਸੀ ਮਕਸਦਾਂ ਲਈ ਚੱਲ ਰਿਹਾ ਸੀ। ਅੰਨਾਸ ਦਾ ਜਵਾਈ ਕਾਇਫ਼ਾ ਉਸ ਸਾਲ ਦਾ ਮਹਾਂ ਯਾਜਕ ਸੀ। ਅੰਨਾਸ ਸ਼ਕਤੀਸ਼ਾਲੀ ਸੀ, ਲੋਕ ਉਸ ਤੋਂ ਡਰਦੇ ਸਨ ਅਤੇ ਉਹਨੂੰ ਨਫ਼ਰਤ ਕਰਦੇ ਸਨ। ਕਾਇਫ਼ਾ ਉਹਦਾ ''ਦੂਤ ਪੁੱਤਰ'' ਸੀ, ਜੋ ਪੂਰੀ ਤਰ੍ਹਾਂ ਨਾਲ ਉਹਦੇ ਵੱਸ ਵਿਚ ਸੀ।

ਘਮੰਡੀ, ਆਕੜੂ ਅਤੇ ਬੇਹੱਦ ਹੰਕਾਰੀ ਯਹੂਦੀ ਆਗੂਆਂ ਨੇ ਧੀਰਜ ਛੱਡ ਦਿੱਤਾ। ਬੇਰਹਿਮੀ ਨਾਲ ਉਨ੍ਹਾਂ ਨੇ ਯਿਸੂ 'ਤੇ ਥੁੱਕਿਆ, ਉਹਨੂੰ ਥੱਪੜ ਮਾਰੇ, ਘਸੁੰਨ ਮਾਰੇ, ਗਾਲਾਂ ਦਿੱਤੀਆਂ ਅਤੇ ਬਿਨ ਸੋਚੇ-ਸਮਝੇ ਉਹਨੂੰ ਨਬੂਵਤ ਕਰਨ ਦੇ ਤਾਅਨੇ ਮਾਰਨ ਲੱਗੇ (ਮੱਤੀ 26:67, 68; ਮਰਕੁਸ 14:65; ਲੂਕਾ 22:63-65)। ਗਾਲਾਂ ਅਤੇ ਥੱਪੜ ਤਾਂ ਬ੍ਰਦਾਸ਼ਤ ਕੀਤੇ ਜਾ ਸਕਦੇ ਹਨ, ਪਰ *ਥੁੱਕ* ? ਥੁੱਕ ਕੌਣ ਬ੍ਰਦਾਸ਼ਤ ਕਰ ਸਕਦਾ ਹੈ? ਖ਼ੁਦਾ ਨੇ ਕਿਵੇਂ ਕੀਤਾ? ਯਿਸੂ ਨੇ ਥੁੱਕ ਦੀ ਨਬੂਵਤ ਕੀਤੀ ਸੀ (ਮੱਤੀ 10:34; ਲੂਕਾ 18:32)। ਯਿਸੂ ਦੀ ਕਹੀ ਗੱਲ ਪੂਰੀ ਹੋਈ। ਯਹੂਦੀ ਆਗੂਆਂ ਨੇ ਉਹਦੇ ਮੂੰਹ ਤੇ, ਰੋਮੀ ਸਿਪਾਹੀਆਂ ਨੇ ਉਹਦੇ 'ਤੇ ਥੁੱਕਿਆ (ਮੱਤੀ 26:67; 27:30; ਮਰਕੁਸ 15:19)। ਕਿੰਨਾਂ ਕਰਹਿਤ ਵਾਲਾ ਕੰਮ ਹੈ! ਖ਼ੁਦਾ ਦਾ ਫ਼ਜ਼ਲ *ਥੁੱਕ* ਸਣੇ ਕੁਝ ਵੀ ਬ੍ਰਦਾਸ਼ਤ ਕਰ ਸਕਦਾ ਹੈ।

ਪਤਰਸ ਨੇ ਆਪਣੇ ਆਪ ਨੂੰ ''ਸ਼ੈਤਾਨ ਦੀ ਅੱਗ'' ਨਾਲ ਸੇਕਿਆ ਸੀ (ਵੇਖੋ ਮਰਕੁਸ 14:54; ਲੂਕਾ 22:55; ਯੂਹੰਨਾ 18:18, 25)। ਅਜਿਹਾ ਕਰਕੇ ਉਹਨੇ ਆਪਣੇ ਆਪ ਨੂੰ ਮਸੀਹ ਦੀ ਬਜਾਏ ਦੁਸ਼ਮਣ ਦੇ ਬਹੁਤਾ ਨੇੜੇ ਕਰ ਲਿਆ। *ਖ਼ਬਰਦਾਰ ਰਹੋ ਕਿ ਤੁਸੀਂ ਕਿੱਥੇ ਹੋ ਅਤੇ ਆਪਣਾ ਵਕਤ ਕਿਹਦੇ ਨਾਲ ਬਿਤਾ ਰਹੇ ਹੋ।*

ਥੋੜ੍ਹੀ ਦੇਰ ਬਾਅਦ ਹੀ ਪਰਤਸ ਨੇ ਤਿੰਨ ਵਾਰ ਯਿਸੂ ਦਾ ਇਨਕਾਰ ਕੀਤਾ। ਫਿਰ ਮੁਰਗੇ ਨੇ ਬਾਂਗ ਦਿੱਤੀ ਅਤੇ ਸ਼ੈਤਾਨ ਫੁੱਲਿਆ ਨਹੀਂ ਸਮਾ ਰਿਹਾ ਸੀ। ਯਿਸੂ ਨੂੰ ਪੇਸ਼ੀ ਲਈ ਕਦੀ ਇੱਧਰ ਅਤੇ ਕਦੀ ਓਧਰ ਲਿਜਾਇਆ ਜਾ ਰਿਹਾ ਸੀ।

ਕਾਇਫ਼ਾ ਦੇ ਸਾਹਮਣਿਓਂ, ਮਹਾਂਸਭਾ ਦੇ ਸਾਹਮਣੇ ਲਿਜਾਏ ਜਾਣ ਵੇਲੇ ਉਹਨੂੰ ਉਸ ਵਿਹੜੇ ਦੇ ਨੇੜੇ ਲਿਆਂਦਾ ਗਿਆ, ਜਿੱਥੇ ਪਤਰਸ ਸੀ। ਯਿਸੂ ਨੇ ਪਰਤ ਕੇ ਪਤਰਸ ਵੱਲ ਵੇਖਿਆ ਤਾਂ ਰਸੂਲ ਦਾ ਮਨ ਪਿਘਲ ਗਿਆ ਅਤੇ ਉਹ ਬਾਹਰ ਜਾ ਕੇ ਦੁਹੱਥੜਾਂ ਮਾਰ-ਮਾਰ ਕੇ ਰੋਇਆ ਕਿ ਉਹਨੇ ਇਹ ਕੀ ਕੀਤਾ (ਲੂਕਾ 22:61, 62)।

ਯਹੂਦੀਆਂ ਦੀ ਸਰਬ ਉੱਚ ਅਦਾਲਤ ਦੀ ਇਕ ਵਾਰ ਫੇਰ ਵੱਡੀ ਮਹਾਂਸਭਾ ਦੇ ਤੌਰ ਤੇ

ਤਾਰੀਫ਼ ਹੋਈ ਇਕਹੱਤਰ ਵੱਡੇ-ਵੱਡੇ ਲੋਕ ਇਹ ਦੇ ਮੈਂਬਰ ਸਨ। ਉਸ ਦਿਨ ਟੌਹਰ ਵਾਲੇ ਉਨ੍ਹਾਂ ਦੇ ਰੁਤਬੇ ਨੂੰ ਧੱਕਾ ਲੱਗਾ ਸੀ। ਨਿਰਾਸ਼ ਹੋ ਕੇ ਕਾਇਫ਼ਾ ਨੇ ਯਿਸੂ ਨੂੰ ਸਹੁੰ ਦੇ ਕੇ ਆਪਣੇ ਖ਼ਿਲਾਫ਼ ਗਵਾਹੀ ਦੇਣ ਲਈ ਮਜਬੂਰ ਕੀਤਾ (ਮੱਤੀ 26:62-64) ਯਿਸੂ ਨੇ ਉਨ੍ਹਾਂ ਦੇ ਇਲਜ਼ਾਮ ਨੂੰ ਮੰਨਿਆ ਨਹੀਂ ਪਰ ਉਹਨੇ ਆਪਣੇ ਖਿਲਾਫ਼ ਵਰਤਣ ਲਈ ਹੋਰ ਸਬੂਤ ਦਿੱਤੇ ਕਿ ''ਯਿਸੂ ਨੇ ਕਿਹਾ, ਤੈਂ ਸੱਚ ਆਖ ਦਿੱਤਾ ਹੈ ਪਰ ਮੈਂ ਤੁਹਾਨੂੰ ਆਖਦਾ ਹਾਂ ਜੋ ਏਦੋਂ ਅੱਗੇ ਤੁਸੀਂ ਮਨੁੱਖ ਦੇ ਪੁੱਤਰ ਨੂੰ ਕੁਦਰਤ ਦੇ ਸੱਜੇ ਹੱਥ ਬਿਰਾਜਮਾਨ ਹੋਇਆ ਅਤੇ ਅਕਾਸ਼ ਦੇ ਬੱਦਲਾਂ ਉੱਤੇ ਆਉਂਦਾ ਵੇਖੋਗੇ'' (ਮੱਤੀ 26:64)। ਇਹ ਸੁਣਕੇ ਯਹੂਦੀਆਂ ਨੇ ਉਹਨੂੰ ਪਿਲਾਤੁਸ ਕੋਲ ਭੇਜ ਦਿੱਤਾ।

ਸਾਫ਼ ਹੈ ਕਿ ਯਹੂਦੀ ਆਗੂ ਹੀ ਇਸ ਇਕ ਸਵਾਲ ਦੇ ਪਿੱਛੇ ਸਨ ਜੋ ਪਿਲਾਤੁਸ ਨੇ ਯਿਸੂ ਤੋਂ ਪੁੱਛਿਆ ਕਿ ''ਕੀ ਤੂੰ ਯਹੂਦੀਆਂ ਦਾ ਰਾਜਾ ਹੈਂ?'' ਜੇ ਕੋਈ ਇਲਜ਼ਾਮ ਪਹਿਲਾਂ ਨਹੀਂ ਲਾਇਆ ਗਿਆ ਸੀ ਤਾਂ ਪਿਲਾਤੁਸ ਨੂੰ ਕਿਵੇਂ ਪਤਾ ਲੱਗਾ ਕਿ ਕੀ ਪੁੱਛਣਾ ਹੈ? ਇਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਕਿਸੇ ਨੇ ਪਹਿਲਾਂ ਹੀ ਪਿਲਾਤੁਸ ਨਾਲ ਸੰਪਰਕ ਕੀਤਾ ਸੀ। ਰਾਤ ਦੇ ਵਕਤ ਪਿਲਾਤੁਸ ਕੋਲ ਕੌਣ ਗਿਆ ਹੋ ਸਕਦਾ ਹੈ? ਮੁਮਕਿਨ ਹੈ ਕਿ ਕਾਇਫ਼ਾ ਹੀ ਗਿਆ ਹੋਵੇਗਾ। ਫਿਰ ਪਿਲਾਤੁਸ ਦੀ ਪਤਨੀ ਨੂੰ ਆਏ ਡਰਾਉਣੇ ਖ਼ਾਬ ਦਾ ਕੀ ਮਤਲਬ ਹੈ (ਮੱਤੀ 27:19)? ਇਸ ਤੋਂ ਸਮਝ ਆਉਂਦਾ ਹੈ ਕਿ ਯਹੂਦੀ ਆਗੂ ਪਿਲਾਤੁਸ ਵੱਲੋਂ ਮਾਮਲਾ ਨਵੇਂ ਸਿਰਿਉਂ ਪੁੱਟਣ ਤੇ ਜ਼ਲੀਲ ਕਿਉਂ ਹੋਏ ਸਨ। ਯਹੂਦੀਆਂ ਨੂੰ ਲੱਗਾ ਕਿ ਸੌਦਾ ਹੋ ਚੁੱਕਾ ਹੈ!

## ਰੋਮੀ ਪੇਸ਼ੀਆਂ

ਪੁੰਤਿਉਸ ਪਿਲਾਤੁਸ ਨੂੰ ਯਹੂਦੀਆਂ ਤੋਂ ਘਿਣ ਸੀ ਅਤੇ ਉਹ ਉਸ ਤੋਂ ਘਿਣ ਕਰਦੇ ਸਨ। ਦੋਵੇਂ ਇਕ ਦੂਜੇ ਨੂੰ ਵੇਖਣਾ ਪਸੰਦ ਨਹੀਂ ਕਰਦੇ ਸਨ ਅਤੇ ਆਪਣੇ ਵਿਚਲੀ ਕਿਸੇ ਬਹਿਸ ਨੂੰ ਜਿੱਤਣ ਲਈ ਕਿਸੇ ਵੀ ਹੱਦ ਤਕ ਜਾ ਸਕਦੇ ਸਨ। ਯਹੂਦੀਆਂ ਨੂੰ ਖ਼ੂਨ ਚਾਹੀਦਾ ਸੀ ਜਦ ਕਿ ਪਿਲਾਤੁਸ ਨੇ ਆਪਣਾ ਸਿਆਸੀ ਰੁਤਬਾ ਬਚਾਉਣਾ ਸੀ।

ਯਹੂਦੀਆਂ ਨੇ ਖ਼ੁਦਾ ਦੇ ਖ਼ਿਲਾਫ਼ ਕੁਫ਼ਰ ਦੇ ਇਲਜ਼ਾਮ ਨੂੰ ਇਕ ਸਿਆਸੀ ਬਗ਼ਾਵਤ ਵਿਚ ਬਦਲ ਦਿੱਤਾ। ਪਿਲਾਤੁਸ ਨੇ ਇਸ ਮਜ਼ਾਕ ਦਾ ਹਿੱਸਾ ਬਣਨ ਤੋਂ ਬਚਣ ਦੀ ਕੋਸ਼ਿਸ ਕੀਤੀ ਪਰ ਉਹ ਬਚ ਨਹੀਂ ਸਕਿਆ। ਉਹ ਚਾਹੁੰਦਾ ਸੀ ਕਿ ਦੂਜੇ ਲੋਕ ਫ਼ੈਸਲਾ ਲੈਣ ਪਰ ਉਨ੍ਹਾਂ ਇਨਕਾਰ ਕਰ ਦਿੱਤਾ। ਉਹਨੇ ਬਾਰ-ਬਾਰ ਯਿਸੂ ਨੂੰ ''ਮੁਲਜ਼ਮ ਨਹੀਂ'' ਕਰਾਰ ਦਿੱਤਾ। ਦੁਖੀ ਹੋ ਕੇ ਉਹਨੇ ਯਿਸੂ ਨੂੰ ਹੈਰੋਦੇਸ ਕੋਲ ਭੇਜ ਦਿੱਤਾ।

ਯਿਸੂ ਨੇ ਮਦਾਰੀ ਵਿਖਾਉਣ ਦੀ ਹੈਰੋਦੇਸ ਦੀ ਅਰਜ਼ ਨਹੀਂ ਮੰਨੀ। ਹੈਰੋਦੇਸ ਯਿਸੂ ਨੂੰ ਪਿਲਾਤੁਸ ਕੋਲ ਹੀ ਭੇਜ ਸਕਦਾ ਸੀ। ਇਸ ਪ੍ਰਕਿਰਿਆ ਨਾਲ ਇੱਕੋ ਚੀਜ਼ ਹਾਸਿਲ ਹੋਈ ਕਿ ਪਿਲਾਤੁਸ ਅਤੇ ਹੈਰੋਦੇਸ ਦੋਸਤ ਬਣ ਗਏ (ਲੂਕਾ 23:12)।

ਯਿਸੂ ਦੀ ਹਿੰਮਤ ਤੇ ਪਿਲਾਤੁਸ ਹੈਰਾਨ ਹੋਇਆ। ਬਰੱਬਾ ਦੀ ਵਰਤੋਂ ਕਰਦਿਆਂ ਉਹਨੇ ਯਹੂਦੀਆਂ ਨੂੰ ਖੁਸ ਕਰਨ ਲਈ ਯਿਸੂ ਨੂੰ ਛੱਡਣ ਦੀ ਕੋਸ਼ਿਸ ਕੀਤੀ। ਉਨ੍ਹਾਂ ਨੇ ਨਾਂਹ ਕਰ ਦਿੱਤੀ। ਉਨ੍ਹਾਂ ਨੇ ਇਕ ਆਮ ਬਦਮਾਸ਼ ਬਰਅੱਬਾ ਨੂੰ ਛੱਡਣ ਲਈ ਆਖਿਆ! ਲੋਕ ਹਮੇਸ਼ਾ ਬਰਅੱਬਾ ਨੂੰ ਹੀ ਛੁਡਾਉਣਾ ਚਾਹੁਣਗੇ।

ਯਹੂਦੀ ਜਿੱਤ ਕੇ ਵੀ ਹਾਰ ਗਏ ਸਨ। ਉਨ੍ਹਾਂ ਐਲਾਨ ਕੀਤਾ ''ਕੈਸਰ ਬਿਨਾਂ ਸਾਡਾ ਕੋਈ ਰਾਜਾ ਨਹੀਂ ਹੈ'' (ਯੂਹੰਨਾ 19:15)। ਉਨ੍ਹਾਂ ਨੇ ਕੈਸਰ ਲਈ ਖ਼ੁਦਾ ਨੂੰ ਛੱਡ ਦਿੱਤਾ। ਉਨ੍ਹਾਂ ਨੇ

ਉਹਦੇ ਅੱਗੇ ਸਿਰ ਨਿਵਾ ਦਿੱਤਾ, ਜਿਸ ਤੋਂ ਉਹ ਨਫ਼ਰਤ ਕਰਦੇ ਸਨ, ਸਗੋਂ ਡੰਡ ਪਾਉਂਦਿਆਂ ਕਿਹਾ ਕਿ ''ਉਹਦਾ ਲਹੂ ਸਾਡੇ ਉੱਤੇ ਅਤੇ ਸਾਡੀ ਔਲਾਦ ਉੱਤੇ ਪਵੇ'' (ਮੱਤੀ 27:25)।

ਪਿਲਾਤੁਸ ਨੇ ''ਮੁਲਜ਼ਮ ਨਹੀਂ'' ਯਿਸੂ ਨੂੰ ਸਲੀਬ ਤੇ ਚੜ੍ਹਾ ਦਿਤਾ। ਉਹਨੇ ਆਪਣੇ ਹੱਥ ਧੋਤੇ ਸਨ ਪਰ ਯਿਸੂ ਨੇ ਦੂਜਿਆਂ ਦੇ ਪੈਰ ਧੋਤੇ ਸਨ। ਕਿੰਨਾ ਫ਼ਰਕ ਹੈ!

ਪਿਲਾਤੁਸ ਨੇ ਯਹੂਦੀਆਂ ਦੀ ਮਰਜ਼ੀ ਅੱਗੇ ਹਾਰ ਮੰਨ ਲਈ। ਇਹ ਸਭ ਤੋਂ ਵੱਡਾ ਜੁਰਮ ਸੀ! ਯਹੂਦੀਆਂ ਵਾਂਗ ਲੋਕਾਂ ਨੂੰ ਖੁਸ਼ ਨਾ ਕਰੋ ਜਾਂ ਪਿਲਾਤੁਸ ਵਾਂਗ ਬੁਜ਼ਦਿਲ ਨਾ ਬਣੋ। ਇਤਿਹਾਸਕਾਰ ਯੂਸਬਿਉਸ[1] ਦਾ ਕਹਿਣਾ ਹੈ ਕਿ ਪਿਲਾਤੁਸ ਨੇ ਖ਼ੁਦਕਸ਼ੀ ਕਰ ਲਈ। ਖ਼ੁਦਾ ਨੇ ਯਰੂਸ਼ਲਮ ਨੂੰ (67-70 ਈਸਵੀ ਵਿਚ ਟਾਈਟਸ ਅਤੇ ਰੋਮੀ ਫ਼ੌਜ ਦੀ ਵਰਤੋਂ ਕਰਦਿਆਂ) ਮਿਟਾ ਸੁੱਟਿਆ। ਖ਼ੁਦਾ ਨਾਲ ਪੰਗਾ ਨਾ ਲਓ!

*ਸਲੀਬ ...*
*ਹੋਰ ਰਾਹ ਹੀ ਨਹੀਂ!*

---
ਟਿੱਪਣੀ

[1]ਯੂਸਬਿਉਸ *ਏਕਲੇਸਿਏਸਟੀਕਲ ਹਿਸਟਰੀ 2. 7.*